# Barnebøker for Norge

barneboker.no

## ਨੌਜ਼ੀਬਿੱਲ ਅਤੇ ਤਿੰਨ ਵਾਲ

Skrevet av: Tessa Welch
Illustret av: Wiehan de Jager
Oversatt av: Anu Gill

Denne fortellingen kommer fra African Storybook (africanstorybook.org) og er videreformidlet av Barnebøker for Norge (barneboker.no), som tilbyr barnebøker på mange språk som snakkes i Norge.

Dette verket er lisensiert under en Creative Commons
Navngivelse 3.0 Internasjonal Lisens.
https://creativecommons.org/licenses/by/3.0/deed.no

# ਨੌਜ਼ੀਬਿੱਲ ਅਤੇ ਤਿੰਨ ਵਾਲ



Tessa Welch
Wiehan de Jager
Anu Gill
panjabi
nivå 3



ਬਹੁਤ ਸਮਾਂ ਪਹਿਲਾਂ ਤਿੰਨ ਕੁੜੀਆਂ ਲੱਕੜ ਇਕੱਠੀ ਕਰਨ ਲਈ ਬਾਹਰ ਗਈਆਂ।



ਫਿਰ ਕੁੱਤੇ ਨੂੰ ਪਤਾ ਲੱਗ ਗਿਆ ਕਿ ਨੌਜ਼ੀਬਿੱਲ ਨੇ ਉਸ ਨੂੰ ਧੋਖਾ ਦਿੱਤਾ ਸੀ। ਇਸ ਲਈ ਉਹ ਪਿੰਡ ਵੱਲ ਨਸਿਆ ਗਿਆ। ਪਰ ਨੌਜ਼ੀਬਿੱਲ ਦੇ ਭਰਾ ਵੱਡੀਆਂ ਸੋਟੀਆਂ ਨਾਲ ਉਸ ਦੀ ਉਡੀਕ ਕਰ ਰਹੇ ਸਨ। ਕੁੱਤੇ ਨੇ ਆਪਣਾ ਰਾਹ ਬਦਲਿਆ ਅਤੇ ਦੂਰ ਭੱਜ ਗਿਆ। ਉਹ ਬਾਅਦ ਵਿੱਚ ਕਦੇ ਵੀ ਦਿਖਾਈ ਨਹੀਂ ਦਿੱਤਾ।





ਦਿਨ ਬਹੁਤ ਗਰਮ ਸੀ ਇਸ ਲਈ ਉਹ ਨਦੀ ਵਿੱਚ ਤਰਨ ਗਈਆਂ। ਉਹ ਖੇਡੀਆਂ, ਉਹਨਾਂ ਨੇ ਪਾਣੀ ਛਿੜਕਿਆ ਅਤੇ ਪਾਣੀ ਵਿੱਚ ਤੈਰੀਆਂ।



ਅਚਾਨਕ, ਉਹਨਾਂ ਨੂੰ ਅਹਿਸਾਸ ਹੋਇਆ ਕਿ ਦੇਰ ਹੋ ਗਈ ਹੈ। ਉਹ ਛੇਤੀ ਪਿੰਡ ਵਾਪਸ ਆ ਗਈਆਂ।





ਜਦ ਕੁੱਤਾ ਵਾਪਸ ਆਇਆ, ਉਹ ਨੌਜ਼ੀਬਿੱਲ ਨੂੰ ਵੇਖ ਰਿਹਾ ਸੀ। “ਨੌਜ਼ੀਬਿੱਲ, ਤੂੰ ਕਿੱਥੇ ਹੈ?” ਉਸ ਨੇ ਰੌਲਾ ਪਾਇਆ। “ਮੈਂ ਇੱਥੇ ਹਾਂ, ਮੰਜੇ ਹੇਠ,” ਪਹਿਲਾ ਵਾਲ ਬੋਲਿਆ। “ਮੈਂ ਇੱਥੇ ਹਾਂ, ਦਰਵਾਜ਼ੇ ਦੇ ਪਿੱਛੇ” ਦੂਜਾ ਵਾਲ ਬੋਲਿਆ। “ਮੈਂ ਇੱਥੇ ਹਾਂ, ਕਰਾਲ ਦੇ ਵਿੱਚ” ਤੀਜਾ ਵਾਲ ਬੋਲਿਆ।



ਜਦੋਂ ਹੀ ਕੁੱਤਾ ਗਿਆ, ਨੌਜ਼ੀਬਿੱਲ ਨੇ ਉਸ ਦੇ ਸਿਰ ਵਿੱਚੋਂ ਤਿੰਨ ਵਾਲ ਲਏ। ਉਸ ਨੇ ਇੱਕ ਵਾਲ ਮੰਜੇ ਹੇਠ ਰੱਖਿਆ, ਇੱਕ ਦਰਵਾਜ਼ੇ ਦੇ ਪਿੱਛੇ ਅਤੇ ਇੱਕ ਕਰਾਲ ਦੇ ਵਿੱਚ। ਫਿਰ ਜਿੰਨ੍ਹੀ ਛੇਤੀ ਹੋ ਸਕਿਆ ਉਹ ਘਰ ਵੱਲ ਨੂੰ ਭੱਜੀ ਗਈ।





ਜਦ ਉਹ ਘਰ ਦੇ ਕਰੀਬ ਸਨ, ਨੌਜ਼ੀਬਿੱਲ ਨੇ ਆਪਣੀ ਗਰਦਨ ਤੇ ਹੱਥ ਰੱਖਿਆ। ਉਹ ਆਪਣਾ ਹਾਰ ਭੁਲ ਆਈ ਸੀ। “ਕਿਰਪਾ ਕਰਕੇ ਮੇਰੇ ਨਾਲ ਵਾਪਸ ਆਓ!” ਉਸ ਨੇ ਆਪਣੀਆਂ ਸਹੇਲੀਆਂ ਨੂੰ ਬੇਨਤੀ ਕੀਤੀ। ਪਰ ਉਸ ਦੀਆਂ ਸਹੇਲੀਆਂ ਨੇ ਕਿਹਾ ਕਿ ਬਹੁਤ ਦੇਰ ਹੋ ਗਈ ਹੈ।



ਇਸ ਲਈ ਨੋਂਜ਼ੀਬਿੱਲ ਵਾਪਸ ਨਦੀ ਨੂੰ ਇਕੱਲੀ ਚਲੀ ਗਈ। ਉਸ ਨੇ ਆਪਣਾ ਹਾਰ ਲੱਭਿਆ ਅਤੇ ਜਲਦਬਾਜੀ ਨਾਲ ਘਰ ਵੱਲ ਨੂੰ ਆਉਂਦੀ ਹਨੇਰੇ ਵਿੱਚ ਗੁੰਮ ਹੋ ਗਈ।





ਹਰ ਦਿਨ ਉਸ ਨੂੰ ਕੁੱਤੇ ਲਈ ਖਾਣਾਂ ਪਕਾਉਣਾਂ ਪੈਂਦਾ, ਝਾੜੂ ਲਾਉਣਾ ਪੈਂਦਾ ਅਤੇ ਉਸਦੀਆਂ ਚੀਜ਼ਾਂ ਨੂੰ ਧੋਣਾ ਪੈਂਦਾ ਸੀ। ਫਿਰ ਇੱਕ ਦਿਨ ਕੁੱਤੇ ਨੇ ਕਿਹਾ, “”ਨੋਂਜ਼ੀਬਿੱਲ, ਅੱਜ ਮੇਰੇ ਕੁਝ ਦੋਸਤ ਆ ਰਹੇ ਹਨ। ਮੇਰੇ ਵਾਪਸ ਆਉਣ ਤੋਂ ਪਹਿਲਾਂ, ਘਰ ਨੂੰ ਸੰਭਰਣਾ, ਭੋਜਨ ਪਕਾ ਦੇਣਾ ਅਤੇ ਮੇਰੀਆਂ ਚੀਜ਼ਾਂ ਨੂੰ ਧੋ ਦੇਣਾ।



ਫਿਰ ਕੁੱਤੇ ਨੇ ਕਿਹਾ, “ਮੇਰਾ ਬਿਸਤਰਾ ਬਣਾ!” ਨੌਜ਼ੀਬਿੱਲ ਨੇ ਜਵਾਬ ਦਿੱਤਾ, “ਮੈਂ ਕੁੱਤੇ ਦਾ ਬਿਸਤਰਾ ਕਦੇ ਵੀ ਨਹੀਂ ਬਣਾਇਆ।” “ਬਿਸਤਰਾ ਬਣਾ, ਨਹੀਂ ਤਾਂ ਮੈਂ ਤੁਹਾਨੂੰ ਵੱਢ ਦੇਵਾਂਗਾ!” ਕੁੱਤੇ ਨੇ ਕਿਹਾ। ਇਸ ਲਈ ਨੌਜ਼ੀਬਿੱਲ ਨੇ ਬਿਸਤਰਾ ਬਣਾਇਆ।





ਬਹੁਤ ਦੂਰ ਇੱਕ ਝੌਂਪੜੀ ਵਿੱਚੋਂ ਉਸਨੇ ਚਾਨਣ ਆਉਂਦਾ ਦੇਖਿਆ। ਉਹ ਉਸ ਵੱਲ ਛੇਤੀ ਨਾਲ ਗਈ ਅਤੇ ਦਰਵਾਜ਼ਾ ਖੜਕਾਇਆ।



ਉਸਨੂੰ ਬਹੁਤ ਹੈਰਾਨੀ ਹੋਈ ਜਦ ਇੱਕ ਕੁੱਤੇ ਨੇ ਦਰਵਾਜ਼ਾ ਖੋਲ੍ਹਿਆ ਅਤੇ ਕਿਹਾ, “ਤੂੰ ਕੀ ਚਾਹੁੰਦੀ ਹੈ?” “ਮੈਂ ਗੁੰਮ ਹਾਂ ਅਤੇ ਮੈਨੂੰ ਸੌਣ ਲਈ ਜਗ੍ਹਾ ਦੀ ਲੋੜ ਹੈ,” ਨੌਜ਼ੀਬਿੱਲ ਨੇ ਕਿਹਾ। “ਅੰਦਰ ਆ, ਨਹੀਂ ਤਾਂ ਮੈਂ ਤੁਹਾਨੂੰ ਵੱਢ ਦੇਵਾਂਗਾ!” ਕੁੱਤੇ ਨੇ ਕਿਹਾ। ਇਸ ਲਈ ਨੌਜ਼ੀਬਿੱਲ ਅੰਦਰ ਚਲੀ ਗਈ।





ਫਿਰ ਕੁੱਤੇ ਨੇ ਕਿਹਾ, “ਮੇਰੇ ਲਈ ਖਾਣਾਂ ਬਣਾ!” “ਪਰ ਮੈਂ ਕੁੱਤੇ ਲਈ ਪਹਿਲਾਂ ਕਦੇ ਵੀ ਖਾਣਾਂ ਨਹੀਂ ਬਣਾਇਆ,” ਉਸ ਨੇ ਜਵਾਬ ਦਿੱਤਾ। “ਖਾਣਾਂ ਬਣਾ, ਨਹੀਂ ਤਾਂ ਮੈਂ ਤੁਹਾਨੂੰ ਵੱਢ ਦੇਵਾਂਗਾ!” ਕੁੱਤੇ ਨੇ ਕਿਹਾ। ਇਸ ਲਈ ਨੌਜ਼ੀਬਿੱਲ ਨੇ ਕੁੱਤੇ ਲਈ ਕੁਝ ਭੋਜਨ ਬਣਾਇਆ।